ਨੰ:1/26/2014-1ਮੋਨ.ਸੈੱਲ/6946

**ਪੰਜਾਬ ਸਰਕਾਰ**
**ਆਮ ਰਾਜ ਪ੍ਰਬੰਧ ਵਿਭਾਗ**
**(ਮੋਨੀਟਰਿੰਗ ਸੈੱਲ)**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਡਿਪਟੀ ਕਮਿਸ਼ਨਰ ਅਤੇ ਉਪ ਮੰਡਲ ਮੈਜਿਸਟ੍ਰੇਟ।

ਮਿਤੀ, ਚੰਡੀਗੜ੍ਹ: 30.5.14

ਵਿਸ਼ਾ:- **ਸੰਯੁਕਤ ਸਕੱਤਰ, ਪੰਜਾਬ ਸਰਕਾਰ ਦੇ ਪੱਧਰ ਤੇ ਮਾਨਯੋਗ ਹਾਈਕੋਰਟ ਵਿਖੇ ਕੋਰਟ ਕੇਸਾਂ ਦੀ ਪੈਰਵਾਈ ਸਬੰਧੀ।**

***

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਮੈਂ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਵਾਂ ਅਤੇ ਇਹ ਦੱਸਾਂ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ:12510 ਆਫ 1994- ਗੁਰਮੇਜ ਸਿੰਘ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਵਿੱਚ ਮਿਤੀ 21.05.2014 ਨੂੰ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਗਏ ਹਨ:-

> **"This Court has to take judicial notice of the fact that no senior officer from the State of Punjab comes forward to assist the senior law officers of the State. Invariably, in every case the State counsel seeks repeated adjournments to have instructions on smaller issues. There is a sheer wastage of court time.**
> **We take strong exception to such like derelication of duty by them.**
> **Let a copy of this order be sent to Chief Secretary, Government of Punjab to ensure that officers not below the rank of joint Secretary remain present in court or visit Advocate General office to assist the law officer failing which this Court will take a serious view and there shall be suo moto action against the defaulting officers.**
> **List this matter on 22.08.2014."**

2. ਇਨ੍ਹਾਂ ਹਦਾਇਤਾਂ ਦੀ ਜਾਣਕਾਰੀ ਆਪਣੇ ਅਧੀਨ ਕੰਮ ਕਰਦੇ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣੀ ਯਕੀਨੀ ਬਣਾਈ ਜਾਵੇ।

3. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਉਪਰੋਕਤ ਕੀਤੇ ਗਏ ਹੁਕਮਾਂ ਦੇ ਸਨਮੁੱਖ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਉਣ ਦੀ ਖੇਚਲ ਕੀਤੀ ਜਾਵੇ ਅਤੇ ਇਸ ਸਬੰਧੀ ਕਿਸੇ ਕਿਸਮ ਦੀ ਅਣਗਹਿਲੀ ਦੀ ਨਿਰੋਲ ਜਿੰਮੇਵਾਰੀ ਸਬੰਧਤ ਵਿਭਾਗ ਦੇ ਸੰਯੁਕਤ ਸਕੱਤਰ ਜਾਂ ਬਰਾਬਰ ਦੇ ਅਧਿਕਾਰੀਆਂ ਦੀ ਹੋਵੇਗੀ।

ਵਿਸ਼ਵਾਸਪਾਤਰ

ਅਧੀਨ ਸਕੱਤਰ ਤਾਲਮੇਲ

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਤਾਲਮੇਲ

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਅੰ:ਵਿ:ਪੱ:ਨੰ: 1/26/2014-1ਮੋਨ.ਸੈੱਲ/6947 ਮਿਤੀ, ਚੰਡੀਗੜ੍ਹ: 30.5.14
ਪਿ:ਅੰ:ਨੰ: 1/26/2014-1ਮੋਨ.ਸੈੱਲ/6948 ਮਿਤੀ, ਚੰਡੀਗੜ੍ਹ: 30.5.14

ਇਸ ਦਾ ਇੱਕ ਉਤਾਰਾ ਐਡਵੋਕੇਟ ਜਨਰਲ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਅੰ:ਸ:ਪੱ:ਨੰ:6466, ਮਿਤੀ 21/28.05.2014 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਤਾਲਮੇਲ

ਦਫਤਰ ਡਿਪਟੀ ਕਮਿਸ਼ਨਰ, ਜਲੰਧਰ।

ਨੰ: 2353-70/ਡੀ.ਏ    ਮਿਤੀ 19/6/2014

ਇਸ ਦਾ ਇਕ ਉਤਾਰਾ:

1. ਸਮੂਹ ਉਪ ਮੰਡਲ ਮੈਜਿਸਟਰੇਟ ਅਤੇ ਤਹਿਸੀਲਦਾਰ ਜਿਲ੍ਹਾ ਜਲੰਧਰ।
2. ਅਫਸਰ ਇੰਚਾਰਜ ਸਮੂਹ ਸ਼ਾਖਾਵਾਂ ਸਦਰ ਦਫਤਰ ਨੂੰ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

1191 ਡਾਇਰੀ
25/6/14

ਵਾ. ਡਿਪਟੀ ਕਮਿਸ਼ਨਰ,
ਜਲੰਧਰ।
17/6/14